Exam. Code : 108503
Subject Code : 2112

weeklypoetry.com

**B.Com. 3rd Semester**

**PUNJABI (Compulsory)**

**Paper : BCG–302 (i)**

Time Allowed—3 Hours] [Maximum Marks—50

**ਨੋਟ :** (1) ਕੁੱਲ **ਪੰਜ** ਪ੍ਰਸ਼ਨ ਕਰੋ। ਹਰ ਭਾਗ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕਰ ਸਕਦੇ ਹੋ।

(2) ਹਰ ਪ੍ਰਸ਼ਨ ਦੇ **10** ਅੰਕ ਹਨ। (10×5=50)

**ਭਾਗ—ਪਹਿਲਾ**

1. "ਘਰ ਦਾ ਪਿਆਰ" ਨਿਬੰਧ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

2. "ਗਿੱਧਾ" ਨਿਬੰਧ ਦਾ ਕਲਾ-ਪੱਖ ਵਿਚਾਰੋ।

**ਭਾਗ—ਦੂਜਾ**

3. "ਮਿੱਟੀ ਦਾ ਬਾਵਾ" ਇਕਾਂਗੀ ਦਾ ਸਾਰ ਲਿਖੋ।

4. "ਅੰਨ੍ਹੇ ਨਿਸ਼ਾਨਚੀ" ਇਕਾਂਗੀ ਦੇ ਕਲਾ-ਪੱਖ ਵਿਚਾਰੋ।

**ਭਾਗ—ਤੀਜਾ**

5. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ (ਪ੍ਰੈਸੀ) ਕਰੋ :

ਅਜੋਕੇ ਯੁੱਗ ਵਿੱਚ ਸਾਹਿਤ ਅਤੇ ਸ਼ਖ਼ਸੀਅਤ ਦੇ ਸੰਬੰਧਾਂ ਦਾ ਪ੍ਰਸ਼ਨ ਬੜਾ ਮਹੱਤਵਪੂਰਨ ਬਣ ਗਿਆ ਹੈ। ਜਿਵੇਂ ਕਿਸੇ ਮਨੁੱਖ ਦੀ ਸ਼ਖ਼ਸੀਅਤ ਉਸ ਦੇ ਸੋਚਣ ਅਤੇ ਬੋਲਣ ਦੀਆਂ ਆਦਤਾਂ,

ਉਸਦੇ ਰਵੱਈਏ ਤੇ ਰੁਚੀਆਂ, ਉਸ ਦੇ ਖ਼ਿਆਲਾਂ ਤੇ ਵਿਚਾਰਾਂ ਅਤੇ ਉਸ ਦੇ ਕਾਰਜ ਕਰਨ ਦੇ ਢੰਗਾਂ ਤੋਂ ਪ੍ਰਗਟ ਹੁੰਦੀ ਹੈ, ਉਸੇ ਤਰ੍ਹਾਂ ਕਵੀ ਜਾਂ ਸਾਹਿਤਕਾਰ ਦੀ ਸ਼ਖ਼ਸੀਅਤ ਉਸਦੀਆਂ ਰਚਨਾਵਾਂ ਤੋਂ ਪ੍ਰਕਾਸ਼ਮਾਨ ਹੁੰਦੀ ਹੈ। ਸਾਹਿਤਕਾਰ ਆਪਣੇ ਆਲੇ-ਦੁਆਲੇ ਦੇ ਸਮਾਜਿਕ ਜੀਵਨ ਦੀਆਂ ਕੀਮਤਾਂ, ਬੰਧਨਾਂ, ਮਰਯਾਦਾਵਾਂ, ਚੰਗਿਆਈਆਂ, ਬੁਰਾਈਆਂ, ਸੁਹਜਾਂ ਤੇ ਕੋਹਜਾਂ ਪ੍ਰਤੀ ਇੱਕ ਵਸ਼ਿਸ਼ਟ ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਉਸ ਦਾ ਅੱਭਿਆਸ, ਅਨੁਭਵ, ਅਧਿਐਨ, ਚਿੰਤਨ ਤੇ ਮਨਨ ਉਸ ਦੀ ਪ੍ਰਤਿਭਾ ਨੂੰ ਹੋਰ ਚਮਕਾਉਂਦੇ ਤੇ ਬਲ ਬਖਸ਼ਦੇ ਹਨ। ਸਾਹਿਤਕਾਰ ਦੀ ਪ੍ਰਤਿਭਾ ਅਤੇ ਵਿਸ਼ਵ-ਦ੍ਰਿਸ਼ਟੀਕੋਣ ਦੀ ਵਿਲੱਖਣਤਾ ਉਸਨੂੰ ਸਾਧਾਰਨ ਵਿਅਕਤੀ ਨਾਲੋਂ ਭਿੰਨ ਹੀ ਨਹੀਂ ਬਣਾਉਂਦੀ ਸਗੋਂ ਇਸ ਦੀ ਉੱਚਤਾ ਜਾਂ ਨਿਊਨਤਾ ਉਸ ਦੀ ਸ਼ਖ਼ਸੀਅਤ ਨੂੰ ਦੂਜੇ ਸਾਹਿਤਕਾਰਾਂ ਤੋਂ ਵੀ ਭਿੰਨਤਾ ਪ੍ਰਦਾਨ ਕਰਦੀ ਹੈ।

6. ਹੇਠ ਲਿਖੇ ਪੈਰ੍ਹੇ ਦੀ ਸ਼ਬਦ-ਜੋੜਾਂ ਪੱਖੋਂ ਸੁਧਾਈ ਕਰੋ :

ਗੁਰੂ ਸ਼ਿਸ਼ ਨੂੰ ਭਗਤੀ ਦੇ ਗਲਤ ਸਾਦਨਾ ਵਿਚੋਂ ਕੱਡ ਕੇ ਸੱਚੀ ਭਗਤੀ ਵਿੱਚ ਲੌਂਦਾ ਹੈ। ਠੀਕ ਰਾਹਾਂ 'ਤੇ ਪੌਂਦਾ ਹੈ। ਗੁਰੂ ਦੀ ਸਹੈਤਾ, ਉਸਦੀ ਮੇਹਰ ਹੈ। ਪਰ ਸ਼ਿਸ਼ ਨੂੰ ਉੱਦਮ ਤੇ ਮੇਹਨਤ ਨਾਲ ਗੁਰੂ ਦੇ ਦੱਸੇ ਸਾਦਨ ਦੀ ਕਮਾਈ ਦੁਆਰਾ ਸਫਲਤਾ ਪਰਾਪਤ ਕਰਨੀ ਪੈਂਦੀ ਹੈ।

## ਭਾਗ—ਚੌਥਾ

7. ਕਿਸੇ ਇੱਕ ਵਿਆਕਰਣ ਇਕਾਈ ਨੂੰ ਪਰਿਭਾਸ਼ਤ ਕਰਦਿਆਂ ਉਸਦੀਆਂ ਵੰਨਗੀਆਂ ਨੂੰ ਉਦਾਹਰਣਾ ਸਹਿਤ ਲਿਖੋ।

8. ਭਾਵੰਸ਼ ਅਤੇ ਸ਼ਬਦ ਵਿੱਚ ਅੰਤਰ ਦੱਸਦਿਆਂ ਭਾਵੰਸ਼ ਦੀਆਂ ਕਿਸਮਾਂ ਦੱਸੋ।



weeklypoetry.com